| | | |
|---|---|---|
| | BCM SCHOOL BASANT AVENUE DUGRI LUDHIANA<br>Punjabi Assignment<br>Class VII | |
| ਪ੍ਰਸ਼ਨ 1 | ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।<br>ਮਨੁੱਖੀ ਜੀਵਨ ਵਿੱਚ ਸਮੇਂ ਦੀ ਬਹੁਤ ਮਹੱਤਤਾ ਹੈ। ਧਨ, ਜਾਇਦਾਦ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਮੁੜ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਬੀਤਿਆ ਹੋਇਆ ਸਮਾਂ ਕਦੇ ਵਾਪਸ ਨਹੀਂ ਆਉਂਦਾ। ਜਿਹੜਾ ਵਿਅਕਤੀ ਸਮੇਂ ਦੀ ਕਦਰ ਕਰਦਾ ਹੈ, ਉਹ ਆਪਣੇ ਕੰਮਾਂ ਨੂੰ ਯੋਜਨਾਬੱਧ ਢੰਗ ਨਾਲ ਪੂਰਾ ਕਰ ਸਕਦਾ ਹੈ। ਵਿਦਿਆਰਥੀਆਂ ਲਈ ਤਾਂ ਸਮੇਂ ਦੀ ਪਾਬੰਦੀ ਹੋਰ ਵੀ ਜ਼ਰੂਰੀ ਹੈ, ਕਿਉਂਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਅਰਾਮ ਅਤੇ ਹੋਰ ਗਤੀਵਿਧੀਆਂ ਲਈ ਵੀ ਸਮਾਂ ਕੱਢਣਾ ਪੈਂਦਾ ਹੈ। ਜੇਕਰ ਵਿਦਿਆਰਥੀ ਅੱਜ ਦਾ ਕੰਮ ਕੱਲ੍ਹ ਉੱਤੇ ਛੱਡਦਾ ਰਹੇ ਤਾਂ ਕੰਮਾਂ ਦਾ ਬੋਝ ਵੱਧਦਾ ਜਾਂਦਾ ਹੈ ਅਤੇ ਅੰਤ ਵਿੱਚ ਚਿੰਤਾ ਪੈਦਾ ਹੋ ਜਾਂਦੀ ਹੈ। ਇਸ ਲਈ ਸਫ਼ਲ ਜੀਵਨ ਲਈ ਸਮੇਂ ਦੀ ਸਹੀ ਵਰਤੋਂ ਕਰਨੀ ਅਤੇ ਹਰ ਕੰਮ ਨੂੰ ਉਸ ਦੇ ਨਿਰਧਾਰਤ ਸਮੇਂ ਅਨੁਸਾਰ ਕਰਨਾ ਬਹੁਤ ਜ਼ਰੂਰੀ ਹੈ।<br>1. ਮਨੁੱਖੀ ਜੀਵਨ ਵਿੱਚ ਕਿਸ ਦੀ ਬਹੁਤ ਮਹੱਤਤਾ ਹੈ?<br>(ੳ) ਧਨ ਦੀ<br>(ਅ) ਸਮੇਂ ਦੀ<br>(ੲ) ਜਾਇਦਾਦ ਦੀ<br>(ਸ) ਖੇਡਾਂ ਦੀ<br>2. ਬੀਤਿਆ ਹੋਇਆ ਸਮਾਂ ਕਿਉਂ ਵਾਪਸ ਨਹੀਂ ਆਉਂਦਾ?<br>(ੳ) ਕਿਉਂਕਿ ਸਮਾਂ ਅਮੁੱਲ ਹੈ<br>(ਅ) ਕਿਉਂਕਿ ਸਮਾਂ ਬੀਤ ਜਾਣ ਤੋਂ ਬਾਅਦ ਮੁੜ ਪ੍ਰਾਪਤ ਨਹੀਂ ਕੀਤਾ ਜਾ ਸਕਦਾ<br>(ੲ) ਕਿਉਂਕਿ ਮਨੁੱਖ ਕੋਲ ਧਨ ਨਹੀਂ ਹੁੰਦਾ<br>(ਸ) ਕਿਉਂਕਿ ਕੰਮ ਜ਼ਿਆਦਾ ਹੁੰਦੇ ਹਨ<br>3. ਵਿਦਿਆਰਥੀਆਂ ਲਈ ਸਮੇਂ ਦੀ ਪਾਬੰਦੀ ਕਿਉਂ ਜ਼ਰੂਰੀ ਹੈ?<br>(ੳ) ਸਿਰਫ਼ ਖੇਡਾਂ ਲਈ<br>(ਅ) ਸਿਰਫ਼ ਆਰਾਮ ਲਈ<br>(ੲ) ਪੜ੍ਹਾਈ ਅਤੇ ਹੋਰ ਗਤੀਵਿਧੀਆਂ ਵਿੱਚ ਸੰਤੁਲਨ ਬਣਾਉਣ ਲਈ<br>(ਸ) ਸਿਰਫ਼ ਸਕੂਲ ਜਾਣ ਲਈ<br>4. ਅੱਜ ਦਾ ਕੰਮ ਕੱਲ੍ਹ ਉੱਤੇ ਛੱਡਣ ਨਾਲ ਕੀ ਹੁੰਦਾ ਹੈ?<br>(ੳ) ਕੰਮ ਘੱਟ ਜਾਂਦਾ ਹੈ<br>(ਅ) ਕੰਮ ਦਾ ਬੋਝ ਵਧਦਾ ਹੈ<br>(ੲ) ਸਮਾਂ ਬਚ ਜਾਂਦਾ ਹੈ<br>(ਸ) ਅਰਾਮ ਵੱਧ ਜਾਂਦਾ ਹੈ<br>5. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੋ ਸਕਦਾ ਹੈ?<br>(ੳ) ਵਿਦਿਆਰਥੀ ਜੀਵਨ<br>(ਅ) ਖੇਡਾਂ ਦੀ ਮਹੱਤਤਾ<br>(ੲ) ਸਮੇਂ ਦੀ ਕਦਰ<br>(ਸ) ਧਨ ਦੀ ਮਹੱਤਤਾ | |
| ਪ੍ਰਸ਼ਨ 2 | ਵਿਆਕਰਨ<br>1. ਵਿਆਕਰਨ ਦੀ ਪਰਿਭਾਸ਼ਾ ਲਿਖੋ?<br>2. ਸਾਰਥਕ ਸ਼ਬਦ ਦੀ ਪਰਿਭਾਸ਼ਾ ਲਿਖੋ?<br>3. ਸਤਲੁਜ ਅਤੇ ਪਹਾੜ ਸ਼ਬਦ ਦੀ ਕਿਹੜੀ ਕਿਸਮ ਹਨ।<br>A.ਪੜਨਾਂਵ B. ਨਾਂਵ C. ਵਿਸ਼ੇਸ਼ਣ D. ਕਿਰਿਆ<br>4. ਕਿਰਿਆ ਵਿਸ਼ੇਸ਼ਣ ਕਿਸਦੀ ਵਿਸ਼ੇਸ਼ਤਾ ਦੱਸਦੇ ਹਨ।?<br>A.ਕਿਰਿਆ ਦੀ B. ਪੜਨਾਂਵ ਦੀ C. ਵਿਸ਼ੇਸ਼ਣ ਦੀ D. ਨਾਂਵ ਦੀ<br>5. ਸ਼ਬਦ ਰੂਪਾਂਤਰਨ ਵਿਆਕਰਨ ਦੇ ਕਿਸ ਅੰਗ ਦਾ ਹਿੱਸਾ ਹਨ?<br>A. ਸ਼ਬਦ ਬੋਧ B. ਵਾਕ ਬੋਧ C. ਅੱਖਰ ਬੋਧ D. ਅਰਥ ਬੋਧ | |
| ਪ੍ਰਸ਼ਨ 3 | ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ।<br>1. ਹਰਸ਼ਿੰਦਰ ਕੌਰ ਕੌਣ ਸਨ<br>2. ਖੀਰ- ਪੂੜੇ ਕਿਸ ਰੁੱਤ ਵਿੱਚ ਪੱਕਦੇ ਹਨ? | |

| | | |
|---|---|---|
| | 3. ਗੋਬਿੰਦ ਘਾਟ ਗੋਬਿੰਦ ਧਾਮ ਤੋਂ ਕਿੰਨ੍ਹੇ ਕਿਲੋਮੀਟਰ ਦੂਰ ਹੈ? | |
| ਪ੍ਰਸ਼ਨ 4 | 1. ਸ੍ਰੀ ਨਗਰ ਦੀ ਕੀ ਮਹੱਤਤਾ ਹੈ?<br>2. ਪੱਤਝੜ ਰੁੱਤ ਬੁੱਢੀ ਔਰਤ ਨੂੰ ਕੀ ਕਹਿੰਦੀ ਹੈ?<br>3. ਚੰਗੇ ਵਿਦਿਆਰਥੀ ਦੇ ਕੋਈ ਪੰਜ ਗੁਣ ਲਿਖੋ? | |
| ਪ੍ਰਸ਼ਨ 5 | ਅਭਿਆਸ ਕਾਰਜ<br>ਸ਼ਬਦ ਅਰਥ - ਗੁਥਲੇ, ਕਾਲ਼ਾ ਫੱਟਾ,ਵੇਗ, ਸ਼ਰਧਾਲੂ,ਹੇਮ<br>ਵਾਕ ਬਣਾਓ - ਵਿਦਿਆਰਥੀ, ਹਸਮੁਖ,ਬਸਤਾ, ਹਰਿਆਵਲ,ਸਰੋਵਰ | |
| ਪ੍ਰਸ਼ਨ 6 | ਖ਼ਰਗੋਸ਼ ਅਤੇ ਕੱਛੂਕੁੰਮਾਂ ਕਹਾਣੀ ਆਪਣੇ ਸ਼ਬਦਾਂ ਵਿੱਚ ਲਿਖੋ। | |